ਚੂਹੇ ਜਿੱਥੇ ਵਿਨਾਸ਼ਕਾਰੀ ਹੋ ਸਕਦੇ ਹਨ ਉੱਥੇ ਆਮ ਜਨਤਾ ਵਾਸਤੇ ਵੀ ਖਤਰੇ ਸਾਬਤ ਹੋ ਸਕਦੇ ਹਨ। ਚੂਹਿਆਂ ਦੇ ਵਾਸਤੇ ਆਮਤੌਰ ਤੇ ਇਹ ਕਿਹਾ ਜਾਂਦਾ ਹੈ ਉਹ ਖਾਣ ਦੀਆਂ ਚੀਜ਼ਾਂ ਅਤੇ ਸੰਪਤੀ ਨੂੰ ਵੀ ਨੁਕਸਾਨ ਪਹੁੰਚਾਉਦੇ ਹਨ। ਇਹ ਬੀਮਾਰੀ ਫੈਲਾਉਂਦੇ ਹਨ ਜੇਕਰ ਉਨਾਂ ਨੂੰ ਛੇੜਿਆ ਜਾਵੇ ਤਾਂ ਉਹ ਲੋਕਾਂ ਅਤੇ ਪਾਲਤੂ ਜਾਨਵਰਾਂ ਨੂੰ ਵੀ ਕੱਟਦੇ ਹਨ। ਇਸ ਬਰੋਸ਼ਰ ਵਿੱਚ ਦਿੱਤੀ ਜਾਣਕਾਰੀ ਰਾਹੀਂ ਫਰੇਜਰ ਹੈਲਥ ਅਥਾਰਟੀ ਦੀ ਵਾਤਾਵਰਨ ਸਿਹਤ ਸੇਵਾਵਾਂ ਚੂਹਿਆਂ ਦੀ ਗਿਨਤੀ ਘਟਾਉਣ ਦੀ ਉਮੀਦ ਕਰਦੇ ਹਨ।

**ਹੋਰ ਵਧੇਰੂ ਜਾਣਕਾਰੀ ਲਈ :**

*ਫਰੇਜਰ ਹੈਲਥ ਅਥਾਰਟੀ ਵਾਤਾਵਰਨ ਸਿਹਤ ਸੇਵਾਵਾਂ*

ਬਰਨਬੀ ਆਫਿਸ ....................................604-918-7683
ਨਿਉ ਵੈਸਟ ਮਨਿਸਟਰ ਆਫਿਸ ..................... 604-777-6740
ਟਰਾਈ ਸਿਟੀਜ਼ ਆਫਿਸ .............................604-949-7700
ਮੇਪਲ ਰਿਜ਼ ਆਫਿਸ .................................604-476-7000
ਡੇਲਟਾ ਆਫਿਸ .....................................604-507-5478
ਸਰੀ ਆਫਿਸ ........................................604-587-7610
ਲੈਂਗਲੀ ਆਫਿਸ .....................................604-514-6121
ਮਿਸ਼ਨ ਆਫਿਸ ......................................604-814-5515
ਐਬਟਸਫ਼ੋਰਡ ਆਫਿਸ ..............................604-870-7900
ਚਿਲੱਵੈਕ ਆਫਿਸ ..................................604-702-4950
ਹੋਪ ਆਫਿਸ ..........................................604-860-7630

***ਸੰਕਟ ਦੇ ਵਕਤ ਫੋਨ ਕਰੋ ਪੁਇਜਨ ਕੰਟਰੋਲ ਸੈਂਟਰ .......682-5050***
***ਜਾਂ ...............................682-2344***

*ਵਾਤਾਵਰਨ ਸਿਹਤ ਸੇਵਾਵਾਂ ਹੇਠ ਲਿੱਖੀਆ ਜਹਿਰੀਲਾ ਚੋਗਾ ਬਰਨਬੀ ਸ਼ਹੀਰ ਵਿੱਚ ਵਰਤੋਂ ਕਰਦੇ ਹਨ:*

| ਚੀਜ਼ | ਤਾਕਤ | ਪੀ.ਸੀ.ਪੀ # |
|---|---|---|
| ਬਰੋਮੋਡਾਯੋਲੋਨ<br>(ਰੈਟ–ਐਕਸ ਬੀ®) | 0.005% 15 | 795 |
| ਬਰੋਡੀਫੈਕੁਅਮ<br>(ਫਾਇਨਲ®) | 0.005% | 25773 |

ਇਨਾਂ ਜਹਿਰੀਲੀਆਂ ਚੀਜਾਂ ਦਾ ਇਸਤੇਮਾਲ ਕਰਦੇ ਧਿਆਨ ਰਖਣਾ ਚਾਹਿਦਾ ਹੈ ਕਿ ਬੰਦੇ ਅਤੇ ਪਾਲਤੂ ਜਾਨਵਰ ਇਸ ਤੱਕ ਨਾ ਪਹੁੰਚ ਸਕਣ। ਜੇਕਰ ਕੋਈ ਮਨੁੱਖ ਜਾਂ ਪਸ਼ੂ ਇਸ ਨੂੰ ਖਾ ਜਾਏ ਤਾਂ ਤੁਰੰਤ ਡਾਕਟਰ ਜਾਂ ਪਸ਼ੂਆਂ ਦੇ ਡਾਕਟਰ ਨੂੰ ਬੁਲਾਉ।

ਜਹਿਰ ਨੂੰ ਵਰਤਣ ਤੋਂ ਪਹਿਲਾ ਲੇਬਲ ਤੇ ਲਿਖੀਆਂ ਹਿਦਾਇਤਾਂ ਜਰੂਰ ਪੜੋ।

Print Shop # 262280 January 2008

fraserhealth Better health. Best in health care.

# ਚੂਹੇ



## ਬਚਾਉ ਅਤੇ ਰੋਕਥਾਮ

**ਵਿਸ਼ੇਸ਼ਤਾਵਾਂ —**

ਦੋ ਤਰਾਂ ਦੇ ਚੂਹਿਆਂ ਦੀ ਕਿਸਮ ਹੈਲਥ ਅਥਾਰਿਟੀ (ਸੇਹਤ ਸੇਵਾ ਸੰਸਥਾ) ਨੂੰ ਪਤਾ ਹੈ। ਦੋਵੇਂ ਪਰਜਾਤੀਆਂ ਉੱਤਰੀ ਅਮਰੀਕਾ ਦੀ ਮੂਲ ਪਰਜਾਤੀ ਨਹੀਂ ਹਨ ਨਾਂ ਹੀ ਦੋਵੇਂ ਪਰਜਾਤੀ ਉਹ ਹਨ ਜੋ ਉੱਤਰੀ ਅਮਰੀਕਾ ਵਿੱਚ ਬਹੁਤ ਪਹਿਲਾ ਰਹਿਣ ਲਈ ਚੂਹਿਆਂ ਭਰੇ ਜਹਾਜ ਵਿੱਚ ਆਏ

ਨਾਰਵੇ (ਭੂਰਾ ਚੂਹਾ) ਹੈਲਥ ਅਥਾਰਟੀ ਵਿੱਚ ਆਮਤੋਰ ਤੇ ਜਾਣਿਆ ਜਾਂਦਾ ਹੈ। ਇਸਨੂੰ "ਵਹਾਰਫ ਰੈਟ" ਜਾਂ "ਸੀਵਰ ਚੂਹਾ" ਕਿਹਾ ਜਾਂਦਾ ਹੈ। ਇਸਦੀ ਖੱਲ ਭੂਰੀ ਤੋਂ ਸਲੇਟੀ ਰੰਗ ਦੀ ਹੁੰਦੀ ਹੈ। ਕੰਨ ਛੋਟੇ ਤੇ ਵੇਖਣ ਵਿੱਚ ਇਹ ਭਾਰਾ ਹੁੰਦਾ ਹੈ।

ਦੂਜੀ ਤਰਾਂ ਦਾ ਚੂਹਾ ਜੋ ਆਮਤੋਰ ਤੇ ਹੈਲਥ ਅਥਾਰਟੀ ਵਿੱਚ ਜਾਣਿਆ ਜਾਂਦਾ ਹੈ ਕਾਲਾ ਚੂਹਾ ਜਾਂ "ਰੂਫ ਰੈਟ" ਇਸਦੀ ਖੱਲ ਸਲੇਟੀ ਤੋਂ ਕਾਲੇ ਦੇ ਵਿੱਚ ਹੁੰਦੀ ਹੈ ਵੇਖਣ ਵਿੱਚ ਛੋਟਾ ਅਤੇ ਪਤਲਾ ਹੁੰਦਾ ਹੈ।

ਚੂਹਿਆਂ ਦੇ ਦੁਸ਼ਮਨ ਘੱਟ ਹੁੰਦੇ ਹਨ ਅਤੇ ਅੱਤ ਦੀ ਤੇਜ ਪ੍ਰਜਨਨ ਸਮਰਥਾਂ ਹੁੰਦੀ ਹੈ। ਉਹ ਸਾਰਾ ਸਾਲ ਬੱਚੇ ਦਿੰਦੇ ਹਨ। ਬਸੰਤ ਅਤੇ ਪੱਤਝੜ ਚ ਇਨਾਂ ਦੀ ਗਿਣਤੀ ਜੋਰਾਂ ਤੇ ਹੁੰਦੀ ਹੈ। ਇੱਕ ਚੂਹਾ ਛੇ ਤੱਕ ਬੱਚੇ ਦੇ ਸਕਦਾ ਹੈ ਜੇਕਰ ਜੀਵਨ ਦੀ ਹਾਲਤ ਆਮ ਹੋਣ ਤਾਂ। ਆਮਤੋਰ ਤੇ ਗਰਭਾਵਸਥਾ ਦਾ ਸਮਾਂ 22 ਤੋਂ 25 ਦਿਨ ਦਾ ਹੁੰਦਾ ਹੈ ਜਿਸ ਵਿੱਚ ਆਮਤੋਰ ਤੇ 6-12 ਬੱਚੇ ਜਨਮ ਲੈਂਦੇ ਹਨ। ਮਾਦਾ ਤਿੰਨ-ਚਾਰ ਮਹੀਨੇ ਵਿੱਚ ਜੁਆਨ ਹੋ ਜਾਂਦੀ ਹੈ।

ਚੂਹੇ ਗਲਿਆਂ ਸੜਿਆ ਕੂੜਾ ਕਰਕਟ ਸੱਭ ਖਾ ਜਾਂਦੇ ਹਨ ਤੇ ਤਰਾਂ-ਤਰਾਂ ਦਾ ਭੋਜਨ ਖਾਂਦੇ ਹਨ ਜਿਵੇਂ- ਡਿੱਗੇ ਹੋਏ ਫੱਲ, ਗਿਰੀਆਂ, ਬੀਜ, ਗੰਦਗੀ, ਜਾਨਵਰ ਦਾ ਭੋਜਨ, ਮਰੇ ਹੋਏ ਜਾਨਵਰ।

***ਲੱਭਣਾ —***

ਇਹ ਵੇਖਣ ਵਾਸਤੇ ਕਿ ਚੂਹਿਆਂ ਦਾ ਹਮਲਾ ਹੋਇਆ ਹੈ ਕਿ ਨਹੀਂ ਹੇਠ ਲਿਖੇ ਨਿਸ਼ਾਨ ਵੇਖੋ।

- **ਚੂਹੇ ਨਜ਼ਰ ਆਉਣਾ —** ਚੂਹੇ ਰਾਤ ਨੂੰ ਤੇਜ ਨੱਸ-ਭੱਜ ਕਰਦੇ ਹਨ। ਕਦੇ-ਕਦੇ ਦਿਨ ਨੂੰ ਵਿਖਾਈ ਦਿੰਦੇ ਹਨ।
- **ਚੂਹੇ ਦੀਆਂ ਮੇਂਗਣਾ —** ਚੂਹੇ ਦੀਆਂ ਮੇਂਗਣਾ 1.5 **(1/2 ਇੰਚ)** ਸੈਂਟੀਮੀਟਰ ਲੰਬੀ ਤੇ 0.5 ਸੈਂਟੀਮੀਟਰ **(1/4 ਇੰਚ)** ਮੋਟੀਆਂ ਹੁੰਦੀਆਂ ਹਨ ਇਹ ਚੀਜਾਂ ਦੇ ਪਿੱਛੇ ਕੰਧਾਂ ਦੇ ਕੋਲ ਅਤੇ ਜਿੱਥੇ ਕਦੀ-ਕਦੀ ਸਫ਼ਾਈ ਹੁੰਦੀ ਹੈ — ਉਥੇ ਹੁੰਦੀਆਂ ਹਨ।
- **ਚੂਹੇਆਂ ਦੇ ਖੁੱਡ —** ਚੂਹਿਆਂ ਦੇ ਖੁੱਡ ਦੇ ਛੇਕ 2.5 ਤੋਂ 5.0 **(1-2 ਇੰਚ)** ਸੈਂਟੀਮੀਟਰ ਦਾਇਰੇ ਦੇ ਹੁੰਦੇ ਹਨ। ਖੁੱਡ ਜਮੀਨ ਚ ਕੰਧ ਦੇ ਨਾਲ ਜਾਂ ਵਾੜ ਦੇ ਨਾਲ-ਨਾਲ ਹੁੰਦੇ ਹਨ ਜਾਂ ਨੀਂਹ ਜਾਂ ਫਰਸ਼ਾ ਦੇ ਥੱਲੇ ਜਾਂ ਉਹਨਾਂ ਥਾਵਾਂ ਤੇ ਜਿਥੇ ਬਿਲਕੁਲ ਹਿਲ-ਜੁਲ ਨਾ ਹੁੰਦੀ ਹੋਵੇ।
- **ਦੰਦਾ ਦੀਆਂ ਝਰੀਟਾਂ —** ਚੂਹਿਆਂ ਦੇ ਅੱਗਲੇ ਦੰਦ ਵੱਧਦੇ ਰਹਿੰਦੇ ਹਨ ਉਨਾਂਨੂੰ ਠੀਕ ਰੱਖਣ ਲਈ ਚੂਹੇ ਕਈ ਚੀਜ਼ਾਂ ਤੇ ਖੁਰਚਦੇ ਰਹਿੰਦੇ ਹਨ। ਜਿਸ ਨਾਲ ਉਹ ਘਿਸ ਕੇ ਠੀਕ ਲੰਬਾਈ ਤੱਕ ਰਹਿਣ । ਇਸ ਤਰ੍ਹਾਂ ਦੇ ਨਿਸ਼ਾਨ ਖੁੱਲੇ ਕਿਨਾਰਿਆ ਤੇ ਪਾਈਪਾਂ ਦੇ ਦੁਆਲੇ, ਬੂਹਿਆਂ ਦੇ ਹੇਠਲੇ ਹਿਸਿਆਂ ਤੇ ਫਰਨੀਚਰ ਤੇ ਗਲੀਚਿਆਂ ਤੇ ਦਿਖ ਜਾਂਦੇ ਹਨ।
- **ਦੌੜਨ ਦੇ ਰਸਤਿਆਂ ਦੇ ਨਿਸ਼ਾਨ —** ਚੂਹੇ ਆਮਤੌਰ ਤੇ ਇੱਕ ਹੀ ਰਸਤਾ ਵਰਤਦੇ ਹਨ ਅਤੇ ਕੰਧਾਂ ਪਾਇਪਾਂ ਤੇ ਵਾੜ ਦੇ ਨਾਲ-ਨਾਲ ਕਾਲੇ-ਕਾਲੇ ਨਿਸ਼ਾਨ ਦਿੰਦੇ ਹਨ।
- **ਅਵਾਜ਼ਾਂ —** ਚੂਹੇ ਕੁਤਰ-ਕੁਤਰ ਦੀ ਅਵਾਜ਼ ਕਰਦੇ ਹਨ ਜਾਂ ਫਿਰ ਝਗੜਨ ਤੇ ਕਿਲੱਣ ਦੀਆਂ ਅਵਾਜਾਂ ਕਰਦੇ ਹਨ। ਉਹ ਆਪਸ ਵਿੱਚ ਮਿਲਦੇ-ਜੁਲਦੇ ਹਨ। ਇਸ ਲਈ ਉਨ੍ਹਾਂ ਦੇ ਬੋਲਣ, ਲੜਣ ਤੇ ਚੀਕਣ ਚਿੱਲਾਉਣ ਦੀਆਂ ਅਵਾਜ਼ਾਂ ਆਉਦੀਆਂ ਹਨ।
- **ਪਾਲਤੂ ਜਾਨਵਰਾਂ ਦੀਆਂ ਉਤੇਜਨਾਂ —** ਕੁੱਤੇ ਬਿੱਲੀਆਂ ਆਪਣੇ ਆਸ-ਪਾਸ ਚੂਹੇ ਦੇ ਹੋਣ ਤੇ ਅਕਸਰ ਗੁਰਾਂਉਦੇ ਹਨ, ਤੇ ਖੋਜਭਾਲ ਕਰਦੇ ਹਨ।

**ਚੂਹਿਆਂ ਤੋਂ ਬਚਾਉ ਅਤੇ ਰੋਕਥਾਮ —**

ਕਿਉਂ ਕਿ ਚੂਹੇ ਇੱਕ ਘਰ ਤੋਂ ਦੂਜੇ ਘਰ ਚਲੇ ਜਾਂਦੇ ਹਨ। ਉਨਾਂਨੂੰ ਕਾਬੂ ਕਰਨਾ ਸਾਰੇ ਘਰ ਵਾਲਿਆਂ ਦੀ ਜ਼ਿੰਮੇਦਾਰੀ ਹੈ। ਜਹਿਰ ਅਤੇ ਪਿੰਜਰਿਆਂ ਦੇ ਇਸਤੇਮਾਲ ਦੇ ਨਾਲ ਅਸਥਾਈ ਹੱਲ ਹੋ ਜਾਂਦਾ ਹੈ ਫਿਰ ਵੀ ਚੂਹਿਆਂ ਦੀ ਗਿਣਤੀ ਉਸੇ ਥਾਂ ਤੇ ਆ ਜਾਂਦੀ ਹੈ, ਜੇ ਉਨਾਂ ਨੂੰ ਵੱਧਣ ਫੁਲਣ ਦੀ ਥਾਂ ਮਿਲਦੀ ਰਹੇ।

***ਅਸਰਦਾਰ ਬਚਾਅ ਅਤੇ ਕਾਬੂ ਕਰਨ ਦੇ ਚਾਰ ਪੜਾਅ ਹਨ :***

**1. ਪਨਾਹ ਵਾਲੇ ਖੇਤਰ ਹਟਾਓ**

- ਕੂੜਾ ਕਰਕਟ ਹਟਾਓ
- ਲੰਬੀ ਘਾਹ ਅਤੇ ਜੜੀ-ਬੂਟੀ ਕੱਟ ਦੇਵੋ
- ਵਾਧੂ ਉੱਗੇ ਬੂਝੇ ਵੱਢ ਕੇ ਛੋਟੇ ਕਰੋ
- ਲੱਕੜ ਤੇ ਬਾਲਣ ਨੂੰ ਲੋਹੇ ਦੇ ਗਾਡਰ ਜਾਂ ਲੱਕੜ ਦੇ ਲਠਿਆਂ ਤੇ ਧਰਤੀ ਤੋਂ 20 ਸੈਂਟੀਮੀਟਰ (8 ਇੰਚ) ਉਚਾ ਰਖੋ। ਤੇ ਕੰਧ ਤੋਂ ਵੀ 20 ਸੈਂ.ਮੀ. (8 ਇੰਚ) ਦੂਰੀ ਤੇ ਰਖੋ।

**2. ਭੋਜਨ ਦੇ ਸਰੋਤ ਹਟਾਓ —**

- ਡਿੱਗੇ ਹੋਏ ਫੱਲ ਅਤੇ ਗਿਰੀਆਂ ਚੁੱਕ ਲਵੋ।
- ਕੂੜਾ ਰੱਖਣ ਵਾਸਤੇ ਟੀਨ ਜਾ ਲੋਹੇ ਦੇ ਢਕਣ ਵਾਲੇ ਗਾਰਬੇਜ ਕੈਨ ਦੀ ਵਰਤੋਂ ਕਰੋ।
- ਖਾਣਪੀਣ ਦੀਆਂ ਵਸਤਾਂ ਲੋਹੇ ਦੇ ਡੱਬਿਆਂ ਵਿੱਚ ਰੱਖੋ
- ਪਾਲਤੂ ਜਾਨਵਰਾਂ ਦੇ ਰਹਿਣ ਦੀ ਥਾਂ ਬਚਿਆ ਭੋਜਣ ਚੁੱਕ ਲਵੋ।
- ਪੰਛੀਆਂ ਦੇ ਆਲਣੇ ਚੂਹਿਆਂ ਦੀ ਮਾਰ ਤੋਂ ਬਚੇ ਰਹਿਣ ਇਸ ਗੱਲ ਦਾ ਧਿਆਨ ਰਖੋ।
- ਖਾਦ ਬਨਾਉਣ ਲਈ ਜਿਹੜੇ ਡੱਬੇ ਵਰਤੇ ਜਾਣ ਉਨਾਂ ਵਿੱਚ ਚੂਹੇ ਨਾ ਵੜ ਸਕਣ। (ਇਸ ਲਈ ਹੈਲਥ ਅਥਾਰਟੀ ਜਾਂ ਜੀ. ਵੀ. ਆ.ਡੀ. ਖਾਦ ਬਨਾਉਣ ਬਾਰੇ ਬਰੋਸ਼ਰ ਵੇਖੋ।)

**3. ਚੂਹਿਆਂ ਤੋਂ ਮੁਕਤ ਕਰਨਾ —**

- ਇਸ ਗੱਲ ਨੂੰ ਯਕੀਨੀ ਬਣਾਓ ਕਿ ਬੂਹੇ ਬਾਰੀਆਂ ਅਤੇ ਸਕਰੀਨਾਂ ਪੂਰੀ ਤਰ੍ਹਾਂ ਬੰਦ ਹੋ ਜਾਂਦੇ ਹਨ।
- ਉਹ ਮੋਰੀਆਂ ਜੋ 1.0 ਸੈਂਟਿਮਿਟਰ (**1/2 sq**) ਤੋਂ ਵੱਡੀ ਹੋਵੇ ਉਨਾਂ ਨੂੰ ਬੰਦ ਕਰੋ , ਜਿਹੜੇ ਚੂਹੇ ਦੇ ਅੰਦਰ ਆਉਣ ਦੀਆਂ ਥਾਵਾਂ ਹਨ ਜਾਂ ਪਾਈਪਾਂ ਦੇ ਨਾਲ ਹਨ। ਅਤੇ ਬੰਦ ਕਰਨ ਵਾਸਤੇ ਉਹ ਚੀਜ ਵਰਤੋ ਜਿਸ ਨੂੰ ਚੂਹੇ ਨਾ ਕੁਤਰ ਸਕਣ।
- ਫਰਸ਼ ਦੀਆਂ ਨਾਲੀਆਂ ਬੰਦ ਰੱਖੋ ਜਿਸ ਨਾਲ ਚੂਹੇ ਸੀਵਰੇਜ ਦੇ ਰਸਤੇ ਅੰਦਰ ਨਾ ਆ ਸਕਣ।
- ਰੋਸ਼ਨਦਾਨ ਜਾਂ ਅਟਾਰੀ ਤੋਂ ਅੰਦਰ ਆਉਣ ਦੀਆਂ ਥਾਵਾਂ ਬੰਦ ਕਰੋ।

**4. ਚੂਹਿਆਂ ਦੀ ਗਿਣਤੀ ਘਟਾਉਣਾ —**

- ਘਰਾਂ ਵਿੱਚ ਰਹਿਣ ਵਾਲਿਆਂ ਵਾਸਤੇ ਕਈ ਤਰ੍ਹਾਂ ਦੇ ਉਪਾਅ ਹਨ ਜੋ ਹੇਠਾਂ ਦਿੱਤੇ ਗਏ ਹਨ।
- **ਪਿੰਜਰੇ, ਕੜਿਕੀਆਂ ਅਤੇ ਗਲੂਬੋਰਡ —** ਉਨਾਂ ਥਾਵਾਂ ਤੇ ਦਸੇ ਜਾਂਦੇ ਹਨ ਜਿਥੇ ਜਹਿਰੀਲੇ ਉਪਾਅ ਨੁਕਸਾਨ ਕਰ ਸਕਦੇ ਹਨ ਖਾਸ ਤੌਰ ਤੇ ਉਸ ਥਾਂ ਤੇ ਜਿਥੇ ਮਰੇ ਹੋਏ ਚੂਹੇ ਦੀ ਬਦਬੂ ਇਕ ਨਵੀ ਸਮਸਿਆ ਪੈਦਾ ਕਰ ਦਿੰਦੀ ਹੈ ਜਿਥੇ ਬੱਚੇ ਜਾਂ ਪਾਲਤੂ ਜਾਨਵਰ ਹੋਣ ਉਥੇ ਇਸ ਗੱਲ ਦਾ ਖਾਸ ਖਿਆਲ ਰਖਿਆ ਜਾਂਦਾ ਹੈ।
- **ਜਹਿਰ —** ਖੂਨ ਨਾ ਜੰਮਣ ਦੇਣ ਵਾਲਾ ਚੋਗਾ ਵਰਤਣਾ ਫਿਰ ਵੀ ਸੁਰਖਿਅਤ ਹੈ ਇਸ ਦੀ ਵਰਤੋ ਨਾਲ ਅੰਦਰ ਹੀ ਅੰਦਰ ਖੂਨ ਨਿਕਲਦਾ ਹੈ ਜਿਸ ਨਾਲ ਮੌਤ ਹੁੰਦੀ ਹੈ।

